# ਦਸਵੀਂ

## ਖੇਤੀਬਾੜੀ (ਲਿਖਤੀ)

## (ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ)

**ਅਕਾਦਮਿਕ ਸਾਲ : 2024-2025**

**ਨਮੂਨਾ ਪ੍ਰਸ਼ਨ ਪੱਤਰ**

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50 ਅੰਕ**

**ਨੋਟ :** ਪ੍ਰਸ਼ਨ ਪੱਤਰ ਵਿੱਚ **ਕੁੱਲ 9 ਪ੍ਰਸ਼ਨ** ਹਨ। ਪ੍ਰਸ਼ਨ ਪੱਤਰ ਨੂੰ **ਤਿੰਨ ਭਾਗਾਂ** ਵਿੱਚ ਵੰਡਿਆ ਗਿਆ ਹੈ :

**ਭਾਗ - I** **ਇਸ ਭਾਗ ਵਿੱਚ ਤਿੰਨ ਪ੍ਰਸ਼ਨ ਪੁੱਛੇ ਗਏ ਹਨ** :

**ਪ੍ਰਸ਼ਨ ਨੰਬਰ 1 :** ਇਸ ਦੇ **ਪੰਜ ਉਪ ਭਾਗ** ਹਨ। ਇਸ ਵਿੱਚ **ਦੋ-ਦੋ ਅੰਕਾਂ** ਵਾਲੇ **ਪੰਜ 'ਬਹੁ-ਵਿਕਲਪੀ ਪ੍ਰਸ਼ਨ'** ਹਨ।

**ਪ੍ਰਸ਼ਨ ਨੰਬਰ 2 :** ਇਸ ਦੇ **ਪੰਜ ਉਪ ਭਾਗ** ਹਨ। ਇਸ ਵਿੱਚ **ਦੋ-ਦੋ ਅੰਕਾਂ** ਵਾਲੇ **ਪੰਜ 'ਖ਼ਾਲੀ ਥਾਂਵਾਂ ਭਰੋ'** ਵਾਲੇ ਪ੍ਰਸ਼ਨ ਹਨ।

**ਪ੍ਰਸ਼ਨ ਨੰਬਰ 3 :** ਇਸ ਦੇ **ਪੰਜ ਉਪ ਭਾਗ** ਹਨ। ਇਸ ਵਿੱਚ **ਦੋ-ਦੋ ਅੰਕਾਂ** ਵਾਲੇ **ਪੰਜ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਹਨ।

**ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।**

**ਭਾਗ - II** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 4 ਤੋਂ 7 ਤੱਕ ਤਿੰਨ-ਤਿੰਨ ਅੰਕਾਂ** ਵਾਲੇ **ਚਾਰ ਪ੍ਰਸ਼ਨ** ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਇੱਕ-ਦੋ ਵਾਕਾਂ** ਦਾ ਹੋ ਸਕਦਾ ਹੈ। ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੈ।

**ਭਾਗ - III** ਇਸ ਭਾਗ ਵਿੱਚ **ਪ੍ਰਸ਼ਨ ਨੰਬਰ 8 ਤੋਂ 9 ਤੱਕ ਚਾਰ-ਚਾਰ ਅੰਕਾਂ** ਵਾਲੇ **ਦੋ ਪ੍ਰਸ਼ਨ** ਹਨ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ **ਚਾਰ-ਪੰਜ ਵਾਕਾਂ** ਦਾ ਹੋ ਸਕਦਾ ਹੈ। ਇਨ੍ਹਾਂ **ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ** ਹੈ।

## ਭਾਗ - I

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

(i) ਕਲਿਆਣ ਸੋਨਾ ਅਤੇ ਡਬਲਯੂ. ਐੱਲ. 711 ਕਿਹੜੀ ਫ਼ਸਲ ਦੀਆਂ ਉੱਨਤ ਕਿਸਮਾਂ ਹਨ ?

(ੳ) ਮੱਕੀ (ਅ) ਝੋਨਾ

(ੲ) ਕਣਕ (ਸ) ਨਰਮਾ 2

(ii) ਸੂਰਜਮੁਖੀ ਦੇ ਬੀਜਾਂ ਵਿੱਚ ਕਿੰਨੇ ਪ੍ਰਤੀਸ਼ਤ ਤੇਲ ਹੁੰਦਾ ਹੈ ?

(ੳ) 3-4% (ਅ) 20-25%

(ੲ) 15-20% (ਸ) 40-43% 2

(iii) ਕਿਹੜੀ ਕਿਸਮ ਦੀਆਂ ਗਾਜਰਾਂ ਦਾ ਰੰਗ ਜਾਮਨੀ ਕਾਲਾ ਹੁੰਦਾ ਹੈ ?

(ੳ) ਪੰਜਾਬ ਬਲੈਕ ਬਿਊਟੀ (ਅ) ਪੰਜਾਬ ਪਸੰਦ

(ੲ) ਪੰਜਾਬ ਕੈਰਟ ਰੈੱਡ (ਸ) ਪੂਸਾ ਚੇਤਕੀ 2

(iv) ਭਾਰਤ ਵਿੱਚ ਕਿੰਨੇ ਕਿਰਤੀ (ਕਾਮੇ) ਰੋਜ਼ਗਾਰ ਲਈ ਸਿੱਧੇ ਤੌਰ ਤੇ ਖੇਤੀਬਾੜੀ ਵਿੱਚ ਲੱਗੇ ਹੋਏ ਹਨ ?

(ੳ) 54 ਪ੍ਰਤੀਸ਼ਤ (ਅ) 45 ਪ੍ਰਤੀਸ਼ਤ

(ੲ) 15 ਪ੍ਰਤੀਸ਼ਤ (ਸ) 25 ਪ੍ਰਤੀਸ਼ਤ 2

(v) ਉਹ ਕਿਹੜਾ ਪੰਛੀ ਹੈ ਜੋ ਖੇਤੀ ਨੂੰ ਕੋਈ ਫ਼ਾਇਦਾ ਨਹੀਂ ਦਿੰਦਾ ?

(ੳ) ਤੋਤਾ (ਅ) ਚੱਕੀਰਾਹਾ

(ੲ) ਗਾਏ ਬਗਲਾ (ਸ) ਨੀਲ ਕੰਠ 2

**2 ਅੰਕ X 5 = 10 ਅੰਕ**

**2. ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

(i) ਪੀ. ਏ. ਯੂ. ਵੱਲੋਂ ਹਾੜ੍ਹੀ ਦੇ ਕਿਸਾਨ ਮੇਲੇ ............. ਮਹੀਨੇ ਵਿੱਚ ਕਰਵਾਏ ਜਾਂਦੇ ਹਨ। (ਸਤੰਬਰ / ਮਾਰਚ) 2

(ii) ਕ੍ਰਿਕਟ ਬਾਲ .................. ਦੀ ਉੱਨਤ ਕਿਸਮ ਹੈ। (ਚੀਕੂ / ਅਮਰੂਦ) 2

(iii) ਹਲਦੀ ਧੋਣ ਵਾਲੀ ਮਸ਼ੀਨ ਇੱਕ ਘੰਟੇ ਵਿੱਚ ................ ਹਲਦੀ ਧੋ ਸਕਦੀ ਹੈ। (3 ਕਿੱਲੋ / 3 ਕੁਇੰਟਲ) 2

(iv) ਪੰਜਾਬ ਦੇ ਖੇਤਾਂ ਵਿੱਚ ਮੁੱਖ ਤੌਰ ਤੇ .............. ਕਿਸਮਾਂ ਦੇ ਚੂਹੇ ਮਿਲਦੇ ਹਨ। (ਅੱਠ / ਸੱਠ) 2

(v) ................. ਦੇ ਹਸਪਤਾਲ ਨੂੰ ਪਲਾਂਟ ਕਲੀਨਿਕ ਕਹਿੰਦੇ ਹਨ। (ਪੌਦਿਆਂ / ਜੰਤੂਆਂ) 2

**2 ਅੰਕ X 5 = 10 ਅੰਕ**

**3. ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗ਼ਲਤ ਚੁਣੋ :**

(i) ਹਾੜ੍ਹੀ ਦੀਆਂ ਫ਼ਸਲਾਂ ਮਾਰਚ-ਅਪ੍ਰੈਲ ਵਿੱਚ ਬੀਜੀਆਂ ਜਾਂਦੀਆਂ ਹਨ। 2

(ii) ਹੈਪੀ ਸੀਡਰ ਨਾਲ ਕਣਕ ਬੀਜਣ ਤੇ ਹੋਣ ਵਾਲਾ ਖਰਚਾ 20% ਵੱਧ ਜਾਂਦਾ ਹੈ। 2

(iii) ਕਲੋਨਲ ਸਫੈਦੇ ਇਕਸਾਰ ਵਧਦੇ ਹਨ। 2

(iv) ਭਾਰਤ ਵਿੱਚ ਹਰੀ ਕ੍ਰਾਂਤੀ ਦੁੱਧ ਉਤਪਾਦਨ ਵਿੱਚ ਵਾਧੇ ਕਾਰਨ ਆਈ। 2

(v) ਪਸ਼ੂਆਂ ਦੇ ਹਸਪਤਾਲ ਨੂੰ ਪਲਾਂਟ ਕਲੀਨਿਕ ਕਿਹਾ ਜਾਂਦਾ ਹੈ। 2

**2 ਅੰਕ X 5 = 10 ਅੰਕ**

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਇੱਕ-ਦੋ ਵਾਕਾਂ ਵਿੱਚ ਦਿਓ :**

**4.** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਿਹੜੇ-ਕਿਹੜੇ ਤਿੰਨ ਮੁੱਖ ਕੰਮ ਕਰਦੀ ਹੈ ? 3

ਜਾਂ

ਲੇਜ਼ਰ ਲੈਵਲਰ (ਕੰਪਿਊਟਰ ਕਰਾਹਾ) ਨਾਲ ਜ਼ਮੀਨ ਪੱਧਰਾ ਕਰਨ ਦਾ ਕੀ ਲਾਭ ਹੈ ? 3

**5.** ਸਿੱਧੀ ਬਿਜਾਈ ਨਾਲ ਬੀਜੀਆਂ ਜਾਣ ਵਾਲੀਆਂ ਸਰਦੀ ਰੁੱਤ ਦੀਆਂ ਸਬਜ਼ੀਆਂ ਦੇ ਨਾਂ ਲਿਖੋ। 3

ਜਾਂ

ਸਦਾਬਹਾਰ ਫ਼ਲਦਾਰ ਪੌਦਿਆਂ ਨੂੰ ਲਗਾਉਣ ਦਾ ਸਹੀ ਸਮਾਂ ਕੀ ਹੈ ? 3

**6.** ਭਾਰਤੀ ਅਰਥ ਵਿਵਸਥਾ ਦੇ ਤਿੰਨ ਖੇਤਰਾਂ ਦੇ ਨਾਂ ਲਿਖੋ। 3

ਜਾਂ

ਕਿਸਾਨ ਗੰਨੇ ਤੋਂ ਗੁੜ, ਸ਼ੱਕਰ ਕਿਵੇਂ ਤਿਆਰ ਕਰ ਸਕਦੇ ਹਨ ? 3

**7.** ਫ਼ਸਲਾਂ ਲਈ ਲਾਭਦਾਇਕ ਕੋਈ ਤਿੰਨ ਪੰਛੀਆਂ ਦੇ ਨਾਂ ਲਿਖੋ। 3

ਜਾਂ

ਵੱਟਸਐਪ ਰਾਹੀਂ ਕਿਸਾਨ ਪਲਾਂਟ ਕਲੀਨਿਕ ਤੋਂ ਕਿਵੇਂ ਲਾਭ ਉਠਾ ਸਕਦੇ ਹਨ ? 3

**3 ਅੰਕ X 4 = 12 ਅੰਕ**

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਭਗ ਚਾਰ-ਪੰਜ ਵਾਕਾਂ ਵਿੱਚ ਦਿਓ :**

**8.** ਅਗੇਤੀ ਬੰਦ ਗੋਭੀ ਦੀ ਕਾਸ਼ਤ ਲਈ ਬੀਜ ਦੀ ਮਾਤਰਾ, ਬੀਜਣ ਦਾ ਸਮਾਂ, ਦੂਰੀ ਅਤੇ ਨਦੀਨਾਂ ਦੀ ਰੋਕਥਾਮ ਬਾਰੇ ਲਿਖੋ। 4

ਜਾਂ

ਨਿੰਬੂ, ਬੇਰ, ਆੜੂ ਅਤੇ ਅੰਗੂਰ ਦੀਆਂ ਦੋ-ਦੋ ਉੱਨਤ ਕਿਸਮਾਂ ਦੇ ਨਾਂ ਲਿਖੋ। 4

**9.** ਭਾਰਤ ਵਿੱਚ ਹਰੀ ਕ੍ਰਾਂਤੀ ਆਉਣ ਦੇ ਕੋਈ ਚਾਰ ਕਾਰਨ ਲਿਖੋ। 4

ਜਾਂ

ਫਲ਼ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਜ਼ਿਆਦਾ ਸਰਮਾਏ ਨਾਲ ਕਿਹੜੇ-ਕਿਹੜੇ ਚਾਰ ਕਾਰਖਾਨੇ ਲਗਾਏ ਜਾ ਸਕਦੇ ਹਨ ?4

**4 ਅੰਕ X 2 = 8 ਅੰਕ**